BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਆਫ ਬ੍ਰੈਂਪਟਨ ਸਮਰਪਿਤ ਕਮਿਉਨਿਟੀ ਯੂਥ ਹਬਸ ਬਣਾ ਰਹੀ ਹੈ

***ਹੁਣ ਨੌਜਵਾਨ ਆਪਣੀਆਂ ਆਦਰਸ਼ ਭਾਈਚਾਰਕ ਥਾਵਾਂ ਚੁਣਨ ਵਿੱਚ ਰਾਏ ਦੇ ਸਕਦੇ ਹਨ।***

ਬ੍ਰੈਂਪਟਨ, ਓਨਟੈਰੀਓ (27 ਅਕਤੂਬਰ, 2020) – ਬ੍ਰੈਂਪਟਨ ਵਿੱਚ 14 ਤੋਂ 29 ਸਾਲ ਦੇ ਨੌਜਵਾਨ ਹੁਣ, ਬ੍ਰੈਂਪਟਨ ਵਿੱਚ ਦੋ ਸਮਰਪਿਤ ਕਮਿਉਨਿਟੀ ਯੂਥ ਹਬਸ (Community Youth Hubs) ਬਣਾਉਣ ਵਿੱਚ ਆਪਣੀ ਰਾਏ ਦੇਣ ਵਾਸਤੇ ਵਰਕਸ਼ਾਪ ਲਈ ਰਜਿਸਟਰ ਕਰ ਸਕਦੇ ਹਨ। ਸਾਰੇ ਨਿਵਾਸੀਆਂ ਵਾਸਤੇ ਆਪਣੀ ਰਾਏ ਪ੍ਰਦਾਨ ਕਰਨ ਲਈ ਇੱਕ ਸਰਵੇਖਣ ਵੀ ਔਨਲਾਈਨ ਉਪਲਬਧ (available online) ਹੈ।

ਸਿਟੀ ਆਫ ਬ੍ਰੈਂਪਟਨ, ਰੇਕ੍ਰੀਏਸ਼ਨ ਕੇਂਦਰਾਂ ਵਿਖੇ ਸਥਿਤ ਦੋ ਥਾਵਾਂ ਨੂੰ ਕਮਿਉਨਿਟੀ ਯੂਥ ਹਬਸ ਵਿੱਚ ਬਦਲ ਰਹੀ ਹੈ, ਤਾਂ ਜੋ ਪੂਰੇ ਸ਼ਹਿਰ ਦੇ ਨੌਜਵਾਨਾਂ ਨੂੰ ਬਿਹਤਰ ਮਦਦ ਦੇਣ ਲਈ, ਨੌਜਵਾਨ-ਵਿਸ਼ੇਸ਼ ਪ੍ਰੋਗਰਾਮ, ਸੇਵਾਵਾਂ ਅਤੇ ਗਤੀਵਿਧੀਆਂ ਪੇਸ਼ ਕੀਤੀਆਂ ਜਾ ਸਕਣ। ਬ੍ਰੈਂਪਟਨ ਦੇ ਵਿਕਾਸਸ਼ੀਲ ਨੌਜਵਾਨ ਭਾਈਚਾਰੇ ਕੋਲ ਜਲਦੀ ਹੀ, ਸੈਂਚੁਰੀ ਗਾਰਡਨਸ ਰੇਕ੍ਰੀਏਸ਼ਨ ਸੈਂਟਰ (340 ਵੋਡਨ ਸਟ੍ਰੀਟ) (Century Gardens Recreation Centre) (340 Vodden Street) ਅਤੇ ਸਾਊਥ ਫਲੈਚਰਸ ਸਪੋਰਟਸਪਲੈਕਸ (500 ਰੇ ਲਾੱਸਨ ਬੁਲੇਵਾਰਡ) (South Fletcher's Sportsplex) (500 Ray Lawson Boulevard) ਵਿਖੇ ਸਮਰਪਿਤ ਥਾਂ ਹੋਵੇਗੀ।

ਨਿਵਾਸੀਆਂ ਅਤੇ ਸਟੇਕਹੋਲਡਰਾਂ ਦੇ ਨਾਲ ਸਿਟੀ ਦੀ ਮਸ਼ਵਰਾ ਪ੍ਰਕਿਰਿਆ ਤੋਂ ਮਿਲੇ ਸੁਝਾਵਾਂ ਦੇ ਨਾਲ, ਡਿਜ਼ਾਈਨ ਪ੍ਰਕਿਰਿਆ ਸਰਦੀ 2021 ਵਿੱਚ ਸ਼ੁਰੂ ਹੋਵੇਗੀ। ਇਹ ਸਿਟੀ ਦੇ ਪਾਰਕਸ ਐਂਡ ਰੇਕ੍ਰੀਏਸ਼ਨ ਮਾਸਟਰ ਪਲਾਨ (Parks and Recreation Master Plan) ਦਾ ਹਿੱਸਾ ਹੈ। ਯੂਥ ਹਬਸ (Youth Hubs) ਵਾਸਤੇ ਫੰਡਿੰਗ, ਸਿਟੀ ਆਫ ਬ੍ਰੈਂਪਟਨ 2020-2022 ਕੈਪੀਟਲ ਬਜਟ (5.85 ਮਿਲੀਅਨ ਡਾਲਰ) ਅਤੇ ਰੀਜਨ ਆਫ ਪੀਲ (Region of Peel) 2020 ਕੈਪੀਟਲ ਬਜਟ ($6.0 ਮਿਲੀਅਨ ਡਾਲਰ) ਦੁਆਰਾ ਪ੍ਰਦਾਨ ਕੀਤੀ ਜਾਵੇਗੀ। ਪੂਰੇ ਵੇਰਵਿਆਂ ਲਈ, www.brampton.ca/recreation ਤੇ ਜਾਓ।

ਹੇਠਾਂ ਦਿੱਤਾ ਗਿਆ ਹੈ ਕਿ ਨਿਵਾਸੀ ਇਹਨਾਂ ਥਾਵਾਂ ਨੂੰ ਬਿਹਤਰ ਬਣਾਉਣ ਵਿੱਚ ਕਿਵੇਂ ਸ਼ਾਮਲ ਹੋ ਸਕਦੇ ਹਨ।

**ਨੌਜਵਾਨਾਂ ਲਈ ਆਭਾਸੀ (ਵਰਚੁਅਲ) ਵਰਕਸ਼ਾਪਾਂ**

ਸਿਟੀ, ਬ੍ਰੈਂਪਟਨ ਦੇ 14 ਤੋਂ 29 ਸਾਲ ਦੇ ਨੌਜਵਾਨਾਂ ਨੂੰ ਇੱਕ ਔਨਲਾਈਨ ਵਰਕਸ਼ਾਪ ਵਾਸਤੇ ਰਜਿਸਟਰ ਕਰਕੇ, ਕਮਿਉਨਿਟੀ ਯੂਥ ਹਬਸ ਡਿਜ਼ਾਈਨ ਕਰਨ ਅਤੇ ਪ੍ਰੋਗਰਾਮਿੰਗ ਬਾਰੇ ਆਪਣੇ ਰਾਏ ਦੇਣ ਲਈ ਸੱਦਾ ਦੇ ਰਹੀ ਹੈ। ਨੌਜਵਾਨ, ਇਹਨਾਂ ਸੈਸ਼ਨਾਂ ਵਿੱਚੋਂ ਇੱਕ ਵਾਸਤੇ ਰਜਿਸਟਰ ਕਰ ਸਕਦੇ ਹਨ:

- 10 ਨਵੰਬਰ – ਸ਼ਾਮ 7 ਵਜੇ
- 12 ਨਵੰਬਰ – ਸ਼ਾਮ 7 ਵਜੇ
- 19 ਨਵੰਬਰ – ਸ਼ਾਮ 7 ਵਜੇ

ਰਜਿਸਟਰੇਸ਼ਨ 26 ਅਕਤੂਬਰ ਨੂੰ ਸ਼ੁਰੂ ਹੋ ਰਹੀ ਹੈ। ਹਰੇਕ ਵਰਕਸ਼ਾਪ ਤਾਰੀਖ ਵਾਸਤੇ ਪਹਿਲੇ 50 ਰਜਿਸਟਰ ਕਰਨ ਵਾਲੇ ਨੌਜਵਾਨਾਂ ਨੂੰ ਇੱਕ ਮੁਫ਼ਤ ਬ੍ਰੈਂਪਟਨ ਰੇਕ੍ਰੀਏਸ਼ਨ (Brampton Recreation) ਪਾਸ ਮਿਲੇਗਾ, ਜਿਸਦੀ ਵਰਤੋਂ ਤੈਰਾਕੀ, ਸਕੇਟਿੰਗ ਜਾਂ ਫਿਟਨੈੱਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਕੀਤੀ ਜਾ ਸਕਦੀ ਹੈ। ਵਰਕਸ਼ਾਪ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਹਿੱਸਾ ਲੈਣ ਵਾਲੇ ਨੌਜਵਾਨਾਂ ਨੂੰ, ਸਾਲਾਨਾ ਫਿਟਨੈੱਸ ਮੈਂਬਰਸ਼ਿਪ ਜਿੱਤਣ ਵਿੱਚ ਸ਼ਾਮਲ ਕੀਤਾ ਜਾਵੇਗਾ। ਹੁਣੇ www.brampton.ca/recreation ਤੇ ਰਜਿਸਟਰ ਕਰੋ।

**ਔਨਲਾਈਨ ਪ੍ਰਸ਼ਨਾਵਲੀ**

ਸਾਰੇ ਨਿਵਾਸੀਆਂ ਨੂੰ ਇੱਕ ਔਨਲਾਈਨ ਪ੍ਰਸ਼ਨਾਵਲੀ ਦੁਆਰਾ, ਨੌਜਵਾਨਾਂ ਵਾਸਤੇ ਇਹਨਾਂ ਥਾਵਾਂ ਬਾਰੇ ਰਾਏ ਪ੍ਰਦਾਨ ਕਰਨ ਲਈ ਸੱਦਾ ਦਿੱਤਾ ਜਾ ਰਿਹਾ ਹੈ। ਸਰਵੇਖਣ ਦਾ ਜਵਾਬ ਦੇਣ ਵਾਲੇ ਸਾਰੇ ਵਿਅਕਤੀਆਂ ਨੂੰ ਇੱਕ ਮਾਸਿਕ ਫਿੱਟਨੈਸ ਪਾਸ ਜਿੱਤਣ ਵਾਸਤੇ ਡ੍ਰਾ ਵਿੱਚ ਸ਼ਾਮਲ ਕੀਤਾ ਜਾਵੇਗਾ। ਪ੍ਰਸ਼ਨਾਵਲੀ ਪੂਰੀ ਕਰਨ ਲਈ, www.brampton.ca/recreation ਤੇ ਜਾਓ।

**ਯੂਥ ਫ੍ਰੈਂਡਲੀ ਕਮਿਉਨਿਟੀ ਪਦਵੀ**

ਮਾਰਚ 2020 ਵਿੱਚ, ਸਿਟੀ ਆਫ ਬ੍ਰੈਂਪਟਨ ਨੂੰ ਪਲੇ ਵਰਕਸ (Play Works) ਵੱਲੋਂ ਪਲੈਟੀਨਮ ਸਟੇਟਸ ਯੂਥ ਫ੍ਰੈਂਡਲੀ ਕਮਿਉਨਿਟੀ (Platinum Status Youth Friendly Community) ਦੀ ਪਦਵੀ ਮਿਲੀ ਸੀ। ਇਹ ਪਾਰਕਸ ਐਂਡ ਰੇਕ੍ਰੀਏਸ਼ਨ ਓਨਟੈਰੀਓ (Parks and Recreation Ontario) ਦੁਆਰਾ ਹਿਮਾਇਤ ਵਾਲਾ ਪ੍ਰੋਗਰਾਮ ਹੈ। ਇਹ ਤੀਜੀ ਵਾਰ ਹੈ, ਜਦੋਂ ਸਿਟੀ ਨੂੰ ਨੌਜਵਾਨਾਂ ਲਈ ਵਾਧੇ ਅਤੇ ਵਿਕਾਸ ਦੇ ਮੌਕਿਆਂ ਵਾਸਤੇ, ਇਸਦੀ ਸ਼ਾਨਦਾਰ ਵਚਨਬੱਧਤਾ ਲਈ ਮਾਨਤਾ ਦਿੱਤੀ ਗਈ ਹੈ। ਸਿਟੀ, ਇਸ ਸਾਲ ਟੌਪ ਪਲੈਟੀਨਮ ਪਦਵੀ ਪ੍ਰਾਪਤ ਕਰਨ ਵਾਲੇ ਤਿੰਨ ਭਾਈਚਾਰਿਆਂ ਵਿੱਚੋਂ ਇੱਕ ਹੈ। ਹੋਰ ਜਾਣਨ ਲਈ ਇੱਥੇ ਕਲਿੱਕ ਕਰੋ (Click here)।

**ਹਵਾਲੇ**

"ਅਸੀਂ ਬ੍ਰੈਂਪਟਨ ਵਿੱਚ ਕਮਿਉਨਿਟੀ ਯੂਥ ਹਬਸ ਬਣਾਉਣ ਦੀ ਰੋਮਾਂਚਕ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਅਸੀਂ ਸਾਡੇ ਨੌਜਵਾਨਾਂ ਅਤੇ ਨੌਜਵਾਨਾਂ ਨੂੰ ਸੇਵਾ ਦੇਣ ਵਾਲੇ ਸੰਗਠਨਾਂ ਤੋਂ ਸੁਣਿਆ ਕਿ ਸਮਰਪਿਤ ਯੂਥ ਹਬਸ ਜ਼ਰੂਰੀ ਹਨ, ਤਾਂ ਜੋ ਵੰਨ-ਸੁਵੰਨਤਾ ਅਤੇ ਬਰਾਬਰੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ, ਨਵੀਨਤਾ ਵਾਲੀ ਸ਼ਮੂਲੀਅਤ ਵਿੱਚ ਵਾਧਾ ਕੀਤਾ ਜਾ ਸਕੇ ਅਤੇ ਨੌਜਵਾਨਾਂ ਵਾਸਤੇ ਸੁਰੱਖਿਅਤ ਥਾਵਾਂ ਪ੍ਰਦਾਨ ਕੀਤੀਆਂ ਜਾ ਸਕਣ। ਮੈਂ ਬ੍ਰੈਂਪਟਨ ਦੇ ਨੌਜਵਾਨਾਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਡਿਜ਼ਾਈਨ ਅਤੇ ਪ੍ਰੋਗਰਾਮਿੰਗ ਬਾਰੇ ਆਪਣੀ ਰਾਏ ਪ੍ਰਦਾਨ ਕਰਕੇ, ਇਸ ਪ੍ਰਕਿਰਿਆ ਵਿੱਚ ਲੀਡਰਸ਼ਿਪ ਵਾਲੀ ਭੂਮਿਕਾ ਨਿਭਾਉਣ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਯੂਥ-ਫ੍ਰੈਂਡਲੀ ਕਮਿਉਨਿਟੀ ਵਜੋਂ, ਬ੍ਰੈਂਪਟਨ ਵਿੱਚ ਨੌਜਵਾਨਾਂ ਨਾਲ ਜੁੜਨਾ, ਇਹ ਯਕੀਨੀ ਬਣਾਉਣ ਲਈ ਮਹੱਤਵਪੂਰਣ ਹੈ ਕਿ ਅਸੀਂ ਉਹਨਾਂ ਦੀ ਲੋੜਾਂ ਨੂੰ ਪੂਰਾ ਕਰਨਾ ਜਾਰੀ ਰੱਖ ਰਹੇ ਹਾਂ ਅਤੇ ਹੁਣ ਅਤੇ ਬਾਅਦ ਦੀ ਜ਼ਿੰਦਗੀ ਵਿੱਚ ਸਫਲਤਾ ਲਈ ਉਹਨਾਂ ਨੂੰ ਸਥਾਪਤ ਕਰ ਰਹੇ ਹਾਂ। ਨੌਜਵਾਨਾਂ ਵਾਸਤੇ ਸੁਰੱਖਿਅਤ ਅਤੇ ਪਹੁੰਚ ਯੋਗ ਥਾਵਾਂ ਬਣਾਉਣ ਨਾਲ, ਸਾਡੀ ਟਰਮ ਆਫ ਕਾਉਂਸਿਲ ਪ੍ਰਾਇਰਟੀ ਵਿੱਚ ਵਾਧਾ ਹੋਵੇਗਾ ਕਿ ਬ੍ਰੈਂਪਟਨ, ਸਾਰਿਆਂ ਵਾਸਤੇ ਇੱਕ ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਹੈ। ਕਮਿਉਨਿਟੀ ਯੂਥ ਹਬਸ, ਸਾਡੇ ਨੌਜਵਾਨਾਂ ਦੀ ਸਿਹਤ ਅਤੇ ਭਲਾਈ ਵਿੱਚ ਵੱਡੀ ਭੂਮਿਕਾ ਨਿਭਾਉਣਗੇ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ, ਕੈਨੇਡਾ ਵਿੱਚ ਸਭ ਤੋਂ ਵੱਧ ਨੌਜਵਾਨ ਅਬਾਦੀ ਵਾਲੇ ਸ਼ਹਿਰਾਂ ਵਿੱਚੋਂ ਇੱਕ ਹੈ, ਜਿਸ ਵਿੱਚ 14 ਤੋਂ 29 ਸਾਲ ਦੇ 130,000 ਤੋਂ ਵੱਧ ਨੌਜਵਾਨ ਹਨ। ਇਹ ਇਸ ਕਾਰਨ ਦਾ ਵੱਡਾ ਹਿੱਸਾ ਹੈ ਕਿ ਇਹ ਹਬਸ ਕਿਉਂ ਇੰਨੇ ਮਹੱਤਵਪੂਰਣ ਹਨ। ਇਹ ਜ਼ਰੂਰੀ ਹੈ ਕਿ ਅਸੀਂ ਸਾਡੇ ਨੌਜਵਾਨਾਂ ਤੋਂ ਅਤੇ ਉਹਨਾਂ ਤੋਂ ਰਾਏ ਲਈਏ, ਜੋ ਉਹਨਾਂ ਦੀਆਂ ਲੋੜਾਂ ਮੁਤਾਬਕ ਵਿਸ਼ੇਸ਼ ਪ੍ਰੋਗਰਾਮਿੰਗ ਅਤੇ ਸੇਵਾਵਾਂ ਵਾਲੀਆਂ ਗਤੀਸ਼ੀਲ ਥਾਵਾਂ ਬਣਾਉਣ ਵਿੱਚ ਉਹਨਾਂ ਨਾਲ ਮਿਲ ਕੇ ਕੰਮ ਕਰਦੇ ਹਨ।"

- *ਸ਼ਾਰਮੇਨ ਵਿਲੀਅਮਸ (Charmaine Williams), ਸਿਟੀ ਕਾਉਂਸਲਰ, ਵਾਰਡਸ 7 ਅਤੇ 8; ਵਾਈਸ-ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ ਦਾ ਸਟਾਫ਼, ਸ਼ਮੂਲੀਅਤ ਮੌਕੇ ਪ੍ਰਦਾਨ ਕਰਨ ਅਤੇ ਸਾਡੇ ਸਟੇਕਹੋਲਡਰਾਂ ਨੂੰ ਸ਼ਾਮਲ ਕਰਨ ਲਈ ਸਮਰਪਿਤ ਹੈ, ਕਿਉਂਕਿ ਅਸੀਂ ਬ੍ਰੈਂਪਟਨ ਦੇ ਕਮਿਊਨਿਟੀ ਯੂਥ ਹਬਸ ਸਥਾਪਤ ਕਰਨ ਵੱਲ ਅੱਗੇ ਵਧ ਰਹੇ ਹਾਂ। ਸਿੱਧੇ ਨੌਜਵਾਨਾਂ ਅਤੇ ਭਾਈਚਾਰੇ ਤੋਂ ਸੁਣ ਕੇ, ਸਟਾਫ਼, ਸਾਡੇ ਨੌਜਵਾਨਾਂ ਦੀਆਂ ਲੋੜਾਂ ਵਾਸਤੇ, ਇਹਨਾਂ ਨੌਜਵਾਨ ਵਿਸ਼ੇਸ਼ ਥਾਵਾਂ ਦੀ ਬਿਹਤਰ ਯੋਜਨਾ ਅਤੇ ਡਿਜ਼ਾਈਨ ਬਣਾਉਣ ਦੇ ਯੋਗ ਹੈ।"

- *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca